## ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ

## ਵਿੱਚ ਹੋ ਰਹੀਆਂ ਮੰਨਮੱਤਾਂ।

### ਕਿਸ਼ਤ ਨੰਬਰ 14

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10, 11, 12, 13 ਪੜ੍ਹੋ ਜੀ।)

** ਮੰਨਮੱਤ – ਮਨੁੱਖ ਦੇ ਆਪਣੇ ਮਨ ਦੀ ਸੋਚ, ਮੱਤ, ਅਕਲ, ਬੁੱਧੀ। ਜਿਸਨੂੰ ਹਰ ਮਨੁੱਖ (ਬੱਚਾ, ਜਵਾਨ, ਬੁੱਢਾ) ਸਹੀ ਮੰਨਦਾ ਹੈ ਅਤੇ ਆਪਣੇ ਜੀਵਨ ਦੇ ਕਾਰ-ਵਿਹਾਰ, ਬੋਲਚਾਲ, ਰਹਿਣ-ਸਹਿਣ, ਖਾਣ-ਪੀਣ, ਉਸੇ ਮੰਨ ਦੀ ਮੱਤ ਦੇ ਅਨੁਸਾਰ ਕਰਦਾ ਹੈ। (ਵੱਧਦੀ ਉੱਮਰ ਅਨੁਸਾਰ ਇਸ ਮੰਨ ਦੀ ਮੱਤ ਵਿੱਚ ਬਦਲਾਅ ਆ ਜਾਣਾ ਸੁਭਾਵਿੱਕ ਹੈ)

. ਮੁੜਮੱਤ – ਮਨੁੱਖ ਦਾ ਕੀਤਾ, ਉਹ 'ਕਰਮ' ਜਿਸ ਨੂੰ ਦੂਜੇ ਪਸੰਦ ਨਾ ਕਰਨ। ਮਨੁੱਖ ਵਲੋਂ ਇਹ 'ਕਰਮ' ਬਿਨਾਂ ਸੋਚੇ ਸਮਝੇ ਕਿਸੇ ਦੂਸਰੇ ਦੀ ਮੱਤ ਦੇ ਅਨੁਸਾਰ ਕੀਤਾ ਜਾਂਦਾ ਹੈ। ਦੂਸਰਿਆਂ ਨੂੰ ਇਸ ਕੀਤੇ ਕਰਮ ਵਿੱਚ ਸਿਆਣਪ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ।

. ਗੁਰਮੱਤ – 'ਗੁਰਬਾਣੀ ਫਲਸ਼ਫਾ, ਸਿਧਾਂਤ, ਅਸੂਲ, ਗਿਆਨ' ਨੂੰ ਸਮਝ ਕੇ, ਬੁੱਝ ਕੇ ਬਣਾਈ ਆਪਣੀ ਸੋਚ, ਧਾਰਨਾ, ਮੱਤ, ਅਕਲ, ਬਿਬੇਕ-ਬੁੱਧ।

- ਗੁਰੂ ਦੀ ਮੱਤ ਗ੍ਰਹਿਣ ਕਰਕੇ,
- ਗੁਰੂ ਦੀ ਮੱਤ ਧਾਰਨ ਕਰਕੇ,
- ਗੁਰੂ ਦੀ ਮੱਤ ਸਮਝ ਕੇ,
- ਗੁਰੂ ਦੀ ਮੱਤ ਨੂੰ ਬੁੱਝ ਕੇ,
- ਗੁਰੂ ਦੀ ਮੱਤ ਨੂੰ ਆਪਣਾ ਜੀਵਨ ਆਧਾਰ ਬਣਾ ਕੇ,
- ਗੁਰੂ ਦੀ ਮੱਤ ਦੇ ਅਨੁਸਾਰੀ ਪਰੈਕਟੀਕਲ ਮਨੁੱਖਾ ਜੀਵਨ ਬਤੀਤ ਕਰਨਾ,
- ਹੀ 'ਗੁਰਮੱਤ' ਨੂੰ ਗਉਂਣਾ, ਅਪਨਾਉਣਾ, ਧਿਆਉਣਾ, ਸਿਮਰਨਾ, ਜਿਉਂਣਾ ਹੈ।

. ਮੰਨਮੱਤਾਂ, ਮੁੜਮੱਤਾਂ, ਗੁਰਮੱਤਾਂ ਨੂੰ ਸਾਰੇ ਮਨੁੱਖ/ਸਿੱਖ/ਗੁਰਸਿੱਖ ਹੀ ਕਰਦੇ ਕਰਾਉਂਦੇ ਹਨ।

. . ਹਰ ਮਨੁੱਖ ਨੂੰ ਅਜ਼ਾਦੀ ਹੈ, ਕਿ ਉਹ ਆਪਣੀ ਇੱਛਾ ਦੇ ਅਨੁਸਾਰੀ ਆਪਣਾ ਮਨੁੱਖਾ ਜੀਵਨ, ਜਿਸ ਤਰਾਂ ਵੀ ਉਹ ਜਿਉਂਣਾ ਚਾਹੇ, ਜਿਉਂ ਸਕਦਾ ਹੈ। ਉਹ ਆਪਣੀ ਮਰਜ਼ੀ ਨਾਲ ਜੀਵਨ ਜਿਉਂਣ ਦਾ ਪੂਰਨ ਅਧਿਕਾਰੀ ਹੈ, ਹੱਕ ਰੱਖਦਾ ਹੈ।

. . ਇਸਦੇ ਨਾਲ-ਨਾਲ ਹਰ 'ਮਨੁੱਖ', ਇੱਕ ਸੱਭਿਆ, ਸਮਝਦਾਰ 'ਮਨੁੱਖਾ-ਸਮਾਜ' ਦਾ ਹਿੱਸਾ ਵੀ ਹੈ, ਅੰਗ ਵੀ ਹੈ। ਮਨੁੱਖਾ-ਸਮਾਜ ਪ੍ਰਤੀ, ਆਪਣੇ ਘਰ-ਪਰੀਵਾਰ ਪ੍ਰਤੀ, ਉਸਦੇ ਕੁੱਝ 'ਕੰਮ, ਫਰਜ਼, ਸੇਵਾ, ਕਰਤੱਵ, ਜਿੰਮੇਵਾਰੀਆਂ' ਵੀ ਹਨ, ਜਿਹਨਾਂ ਦੀ ਪੂਰਤੀ ਕਰਨਾ ਵੀ ਉਸਦੇ ਫਰਜ਼ਾਂ, ਜਿੰਮੇਵਾਰੀਆਂ, ਸੇਵਾ ਵਿੱਚ ਆਉਂਦਾ ਹੈ।

. ਕਿਸੇ 'ਮਨੁੱਖ' ਵਲੋਂ ਬੋਲੇ ਜਾਂਦੇ ਬੋਲਾਂ ਦਾ,

. ਕਿਸੇ 'ਮਨੁੱਖ' ਵਲੋਂ ਕੀਤੇ ਜਾਂਦੇ ਕੰਮਾਂ ਦਾ, ਕਰਮਾਂ ਦਾ. .

. ਉਹ ਮਨੁੱਖ ਆਪ ਜਿੰਮੇਂਵਾਰ ਹੈ, ਬੋਲਾਂ ਨੂੰ ਬੋਲਣ ਦੀ, ਕੰਮਾਂ ਨੂੰ ਕਰਨ ਦੀ ਜਿੰਮੇਂਵਾਰੀ/ ਫੈਸਲਾ ਉਸ ਮਨੁੱਖ ਦਾ ਆਪਣਾ ਸੀ।।

. . . . . ਬੋਲੇ ਗਏ ਬੋਲਾਂ ਦਾ, ਕੀਤੇ ਗਏ ਕੰਮਾਂ ਦਾ ਅਸਰ, ਘਰ-ਪਰੀਵਾਰ ਅਤੇ ਮਨੁੱਖਾ ਸਮਾਜ ਉੱਪਰ ਪੈਂਦਾ ਹੈ। ਉਸਦੇ 'ਬੋਲਾਂ ਦੇ', 'ਕੰਮਾਂ ਦੇ' ਚੰਗੇ-ਮਾੜੇ ਅਸਰ ਨਿਕਲ ਸਕਦੇ ਹਨ। ਘਰ-ਪਰੀਵਾਰ ਅਤੇ ਸਮਾਜ ਨੂੰ ਚੰਗੀ-ਮਾੜੀ ਦਿਸ਼ਾ ਵੱਲ ਲੈ ਕੇ ਜਾ ਸਕਦੇ ਹਨ।

. ਸੋ, ਕਿਸੇ 'ਮਨੁੱਖ' ਦੀ ਘਰ-ਪਰੀਵਾਰ ਅਤੇ 'ਮਨੁੱਖਾ-ਸਮਾਜ' ਨੂੰ ਕੀ ਦੇਣ ਹੈ? ?

. ਇਹ ਬਹੁਤ ਵੱਡਾ ਤਰਕ ਅਤੇ ਸਵਾਲ ਖੜਾ ਹੁੰਦਾ ਹੈ. . . ? ? ?

. ਮਨੁੱਖਾ-ਸਮਾਜ ਵਿੱਚ ਅੱਜ ਜੋ ਅਸੀਂ ਵੇਖ ਰਹੇ ਹਾਂ, ਆਪਣੇ ਜੀਵਨ ਵਿੱਚ ਕਰ ਰਹੇ ਹਾਂ, ਚਾਹੇ ਉਹ ਸਾਡਾ ਘਰ ਹੈ, ਬਾਹਰ ਹੈ, ਇਹ ਸੀਨਾ-ਬਸੀਨਾ ਚੱਲੀਆਂ ਆ ਰਹੀਆਂ **ਮਾਨਤਾਵਾਂ ਹਨ, ਰੀਤੀ ਰਿਵਾਜ਼ ਹਨ, ਪਾਰੰਪਾਰਾਵਾਂ ਹਨ, ਆਦਤਾਂ ਹਨ, ਵਿਸ਼ਵਾਸ ਹਨ, ਅਕੀਦੇ ਹਨ।** ਜੋ ਸਦੀਆਂ ਤੋਂ ਚਲੇ ਆ ਰਹੇ ਹਨ।

. . ਜਾਗਰਤ ਮਨੁੱਖ ਨੇ ਇਹਨਾਂ ਸੀਨਾ-ਬਸੀਨਾ ਚੱਲੀਆਂ ਆ ਰਹੀਆਂ **'ਮਾਨਤਾਵਾਂ-ਪਾਰੰਪਰਾਵਾਂ'** ਵਿੱਚ ਸਮੇਂ ਦੇ ਅਨੁਸਾਰੀ ਆਪਣੀ ਸਿਆਣਪ, ਅਕਲ, ਮੱਤ, ਬਿਬੇਕ-ਬੁੱਧੀ, ਤਰੱਕੀ ਨਾਲ ਬਦਲਾਅ ਲਿਆਉਣਾ ਕੀਤਾ ਹੈ। ਜੋ ਹੋਣਾ ਵੀ ਚਾਹੀਦਾ ਹਨ।

. ਕਈਆਂ ਦੇਸ਼ਾਂ ਵਿੱਚ ਮਨੁੱਖ ਦੀ ਚੜ੍ਹਦੀ ਕਲਾ ਵਾਲੇ ਪਾਸੇ ਜਾਣ ਦੀ ਰਫ਼ਤਾਰ ਕਾਫ਼ੀ ਤੇਜ਼ ਹੈ, ਪਰ ਭਾਰਤ ਵਰਗੇ ਦੇਸ਼ ਵਿੱਚ ਇਹ ਰਫ਼ਤਾਰ ਬਹੁਤ ਹੌਲੀ ਹੈ।

. ਧਾਰਮਿੱਕ ਖੇਤਰ ਵਿੱਚ ਤਾਂ ਇਹ ਰਫ਼ਤਾਰ ਗ਼ਰਕੀ ਹੀ ਪਈ ਹੈ। ਅੱਜ ਵੀ ਸਿੱਖ ਸਮਾਜ ਵਿੱਚ ਉਹੀ ਪੁਰਾਣੇ ਵਹਿਮ, ਭਰਮ, ਪਾਖੰਡ, ਅਡੰਬਰ, ਕਰਮਕਾਂਡ ਦੇ ਮੱਕੜ ਜਾਲ ਲੋਕਾਂ ਨੂੰ ਉੱਲਝਾਏ ਹੋਏ ਹਨ। **ਸਿੱਖਾਂ ਦੇ ਕਿਸੇ ਧਾਰਮਿੱਕ ਸਥਾਨ ਉੱਪਰ ਚਲੇ ਜਾਉ, ਤੁਹਾਨੂੰ ਦੋ ਚਾਰ ਨਹੀਂ ਉੱਥੇ ਕਈ ਤਰਾਂ ਦੇ ਪਾਖੰਡਾਂ ਨਾਲ ਸਾਹਮਣਾ ਹੋ ਜਾਏਗਾ।** ਮਾਨਤਾ ਹੈ (ਜੀ! ! ਜਲ ਪਵਿੱਤਰ ਹੈ।)

*** 'ਸੱਚ-ਕਰਤੇ-ਕਰਤਾਰ' ਨੇ ਆਪਣੀ ਰਚਨਾ ਦੇ ਸ਼ੁਰੂਆਤੀ ਦੌਰ ਵਿੱਚ ਸੱਭ ਤੋਂ ਪਹਿਲਾਂ 'ਪਵਨ/ਹਵਾ/ਵਾਯੂ', ਬਨਾਉਣਾ ਕੀਤਾ। ਫਿਰ 'ਪਵਨ/ਹਵਾ/ਵਾਯੂ' ਤੋਂ 'ਪਾਣੀ/ਜਲ' ਬਨਾਉਣਾ ਕੀਤਾ। ਫਿਰ ਪਾਣੀ ਤੋਂ ਅੱਗੇ ਜੀਵਨ ਬਨਣਾ ਸੁਰੂ ਹੋਇਆ।

."ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ ਮ1॥ 19॥

. ਇਹ ਪਾਣੀ ਦੋ ਗੈਸਾਂ ਦੇ ਸੰਜੋਗ ਤੋਂ ਬਣਿਆ ਹੈ। **H2O** 

ਹਾਈਡਰੋਜਨ ਦੋ ਹਿੱਸੇ ਅਤੇ ਇੱਕ ਹਿਸਾ ਆਕਸੀਜਨ। ਇਸ ਪਾਣੀ ਨੂੰ 100' ਡਿਗਰੀ ਤਾਪਮਾਨ ਤੱਕ ਉਬਾਲਿਆਂ ਇਹ ਦੁਬਾਰਾ ਗੈਸਾਂ ਦੀ ਸ਼ਕਲ ਵਿੱਚ ਬਦਲ ਜਾਂਦਾ ਹੈ।

ਜੀਰੋ ਡਿੱਗਰੀ ਤਾਪਮਾਨ ਤੇ ਪਾਣੀ ਜੰਮ ਜਾਂਦਾ ਹੈ। ਪਾਣੀ ਦੇ ਤਿੰਨ ਰੂਪ ਹਨ, 1, ਗੈਸ, 2. ਤਰਲ ਪਾਣੀ, 3. ਸਖ਼ਤ ਰੂਪ – ਬਰਫ਼।



. ਇਸ 'ਪਾਣੀ' ਵਿੱਚ ਹੀ ਚਾਰੇ ਖਾਣੀਆਂ ਦੇ ਜੀਵਾਂ ਲਈ/ਨੂੰ ਜੀਵਨ ਮਿਲਣਾ ਸੁਰੂ ਹੋਇਆ। ਇਸੇ ਪਾਣੀ ਵਿੱਚ ਹਰ ਤਰਾਂ ਦੇ ਜੀਵਾਂ ਨੇ ਆਪਣੀ ਪਹਿਲੀ ਜੀਵਨ ਯਾਤਰਾ ਸੁਰੂ ਕੀਤੀ।

."ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ ਮ1॥ 472॥

. ਇਸ ਧਰਤੀ ਉੱਪਰ ਪਾਣੀ ਦੀ ਬਹੁਤ ਵੱਡੀ ਮਾਤਰਾ ਹੈ। 

ਸਾਰੀ ਧਰਤੀ ਦਾ 70% ਹਿੱਸਾ ਪਾਣੀ ਨਾਲ ਹੀ ਢੱਕਿਆ ਹੋਇਆ ਹੈ। 30% ਉੱਚਾ ਹਿੱਸਾ ਹੈ, ਜਿਥੇ ਮਨੁੱਖਾਂ ਅਤੇ ਬਾਕੀ ਜੀਵਾਂ ਦਾ ਵਾਸਾ ਹੈ। ਲੱਖਾਂ ਹੀ ਜੀਵਾਂ ਦੀ ਰਹਾਇਸ਼ ਇਹਨਾਂ ਡੂੰਗੇ ਸਮੁੰਦਰਾਂ ਦੇ ਪਾਣੀਆਂ ਵਿੱਚ ਹੈ।




. ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥ ਨਾਮਦੇਵ ਜੀ॥ 485॥

. ਵੱਗਦੇ ਪਾਣੀ ਵਿੱਚ ਜੀਵਨ ਨਹੀਂ ਪਨਪਦਾ।

. ਵੱਗਦਾ ਪਾਣੀ ਕਦੇ ਵੀ ਸੜੈਆਂਦ ਨਹੀਂ ਮਾਰਦਾ।

. ਲੇਕਿੰਨ! ਖੜ੍ਹਾ ਪਾਣੀ ਬਹੁਤ ਜਲਦੀ ਦੂਸ਼ਿਤ ਹੋ ਜਾਂਦਾ ਹੈ।

. ਖੜ੍ਹਾ ਪਾਣੀ ਬਹੁਤ ਜਲਦੀ ਸ਼ੜੈਆਂਦ ਮਾਰਨ ਲੱਗ ਪੈਂਦਾ ਹੈ।

. ਖੜ੍ਹੇ ਪਾਣੀ ਵਿੱਚ ਕੁੱਝ ਦਿਨਾਂ ਬਾਦ ਹੀ ਛੋਟੇ ਛੋਟੇ ਜੀਵ ਜੰਤੂ ਪੈਦਾ ਹੋ ਜਾਂਦੇ ਹਨ।

. ਹੇਠਲੀ ਤਸਵੀਰ ਵਿੱਚ ਤੁਸੀਂ ਵੇਖ ਸਕਦੇ ਹੋ, ਇਸ ਪਾਣੀ ਵਿੱਚ ਹਰੇ ਰੰਗ ਦੀ ਭਾ ਮਾਰਦੀ ਹੈ, ਭਾਵ ਪਾਣੀ ਹਰੇ ਰੰਗ ਦਾ ਵਿਖਾਈ ਦੇ ਰਿਹਾ ਹੈ।

. ਇਹ ਇੱਕ ਤਰਾਂ ਦੀ ਐਲਗੀ ਹੈ ਭਾਵ (ਫੰਗਸ਼, ਉੱਲੀ) । ਜੋ ਪਾਣੀ ਵਿੱਚ ਕਲੋਰੀਨ ਦੀ ਘਾਟ ਕਰਕੇ ਪੈਦਾ ਹੁੰਦੀ ਹੈ। ਅਤੇ ਗਰਮ ਸੀਜਨ ਵਿੱਚ ਬੜੀ ਜਲਦੀ ਫੈਲਦੀ ਹੈ। ਇਹ ਪਾਣੀ ਮਨੁੱਖ ਦੇ ਪੀਣ-ਯੋਗ ਨਹੀਂ ਰਹਿੰਦਾ ਹੈ। ਬਾਕੀ ਕੰਮਾਂ ਵਾਸਤੇ ਵਰਤਿਆ ਜਾ ਸਕਦਾ ਹੈ।



. . "ਪਾਣੀ/ਜਲ" :-

.'ਕਰਤੇ-ਕਰਤਾਰ-ਕੁੱਦਰਤ' ਦੀ ਇਸ ਵੱਡਮੁਲੀ 'ਦੇਣ', 'ਤੋਹਫੇ' ਨੂੰ ਮਨੁੱਖ ਨੇ ਬਹੁਤ ਹੀ ਜਿਆਦਾ ਪ੍ਰਦੂਸ਼ਤ ਕਰ ਦਿੱਤਾ ਹੈ। ਮਨੁੱਖੀ ਸਮਾਜ ਦਾ ਹਰ ਤਰਾਂ ਦਾ 'ਕਚਰਾ-ਗੰਦਮੰਦ, ਮੈਲਾ ਨਦੀਆਂ, ਨਾਲਿਆਂ ਦਰਿਆਵਾਂ ਵਿੱਚ ਸੁਟਿਆ ਜਾ ਰਿਹਾ ਹੈ।

. ਜ਼ਮੀਨਾਂ ਵਿੱਚ ਜ਼ਹਿਰੀਲੀਆਂ ਦਵਾਈਆਂ ਪਾਉਣ ਕਰਕੇ ਸਾਡੀਆਂ ਜ਼ਮੀਂਨਾਂ ਵੀ ਜ਼ਹਿਰੀਲੀਆਂ ਹੋ ਗਈਆਂ ਹਨ। ਇਥੋਂ ਹੀ ਜ਼ਹਿਰ ਭਰਿਆ ਪਾਣੀ ਸਾਡੀ ਜ਼ਮੀਨ ਦੇ ਅੰਦਰ ਜਾ ਰਿਹਾ ਹੈ। ਇਹੀ ਜ਼ਹਿਰ ਭਰਿਆ ਪਾਣੀ ਮਨੁੱਖ ਪੀ ਰਿਹਾ ਹੈ ਅਤੇ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।

. . ਉਹ ਕਿਹੜੀ ਬੀਮਾਰੀ ਹੈ, ਜੋ ਅੱਜ ਦੇ ਮਨੁੱਖ ਨੂੰ ਨਹੀਂ ਚਿੰਬੜੀ. . ? ?

.'ਪਾਣੀ' ਆਪਣੇ ਆਪ ਵਿੱਚ ਜ਼ਹਿਰੀਲਾ ਨਹੀਂ ਹੈ। ਮਨੁੱਖ ਨੇ ਇਸ ਪਾਣੀ ਨੂੰ 'ਜ਼ਹਿਰ' ਬਨਾਉਣਾ ਕੀਤਾ ਹੈ। ਕੁੱਦਰਤ ਵਲੋਂ ਮਿਲਿਆ ਪਾਣੀ ਤਾਂ "ਨਿਜ਼ਾਬ ਤੋਹਫਾ" ਹੈ। ਕਿਉਂਕਿ ਕੁੱਦਰਤ ਵਲੋਂ ਮਿਲਿਆ ਪਾਣੀ ਪਹਿਲਾਂ ਮਿੱਠਾ ਪਾਣੀ ਹੀ ਸੀ। ਸਮਾਂ ਪਾਕੇ ਬਾਰਸ਼ਾਂ ਦਾ ਪਾਣੀ, ਧਰਤੀ ਉੱਤੋਂ ਦੀ ਹੁੰਦਾ ਹੋਇਆ ਜਦ ਸਮੁੰਦਰਾਂ ਵਿੱਚ ਜਾਂਦਾ ਹੈ ਤਾਂ ਆਪਣੇ ਨਾਲ ਬਹੁਤ ਸਾਰੇ ਖਾਰੇ ਤੱਤਾਂ ਨੂੰ ਲੈ ਜਾਂਦਾ ਹੈ, ਜਿਸ ਨਾਲ ਸਮੁੰਦਰੀ ਪਾਣੀ ਹੋਲੀ-ਹੋਲ਼ੀ ਖਾਰਾ ਹੋ ਗਿਆ। ਇਸਦੇ ਨਾਲ ਨਾਲ ਮਨੁੱਖ ਨੇ ਵੀ ਆਪਣੀ ਤਰੱਕੀ ਲਈ ਵੀ ਇਸ ਸਮੁੰਦਰੀ ਪਾਣੀ ਦੀ ਦੁਰਵਰਤੋਂ ਕੀਤੀ ਹੈ. ਅਤੇ ਅੱਜ ਵੀ ਦਰਵਰਤੋਂ ਕਰ ਰਿਹਾ ਹੈ। ਹੇਠਲੀਆਂ ਤਸਵੀਰਾਂ ਵਿੱਚ ਇਹ ਪਾਣੀ ਦੀ ਬਰਬਾਦੀ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ।








.'ਮਨੁੱਖ' ਦੇ ਨਿਜ਼ੀ ਜੀਵਨ ਵਿੱਚ ਪਾਣੀ ਦੀ ਬਹੁਤ ਹੀ ਜਿਆਦਾ ਅਹਿਮੀਅਤ ਹੈ, ਜਰੂਰਤ ਹੈ।

- ਪਾਣੀ! ਮਨੁੱਖਾਂ ਦੇ ਅਤੇ ਬਾਕੀ ਜੀਵਾਂ ਦੇ ਪੀਣ ਦੇ ਕੰਮ ਆਉਂਦਾ ਹੈ।
- ਪਾਣੀ! ਮਨੁੱਖਾਂ ਦੇ ਅਤੇ ਹੋਰਨਾਂ ਜੀਵਾਂ ਦੀ ਸਰੀਰਿੱਕ ਸਫ਼ਾਈ ਦੇ ਕੰਮ ਆਉਂਦਾ ਹੈ
- 'ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ'॥ ਮ1॥ 4॥
- ਪਾਣੀ! ਮਨੁੱਖ ਦੇ ਹੋਰ ਬਾਹਰ ਮੁੱਖੀ ਕੰਮਾਂ ਵਿੱਚ ਵੀ ਬਹੁਤ ਲੋੜਾਂ ਪੂਰੀਆਂ ਕਰਦਾ ਹੈ। ਖੇਤੀ ਹੋ ਗਈ। ਇੰਡਸਟਰੀ ਹੋ ਗਈ। ਬਾਹਰਮੁਖੀ ਸਾਫ਼ ਸਫ਼ਾਈ ਹੋ ਗਈ।

. ਮਨੁੱਖੀ ਸਮਾਜ ਵਿੱਚ 'ਪਾਣੀ' ਨਾਲ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਹੁੰਦੀ ਕਰਕੇ ਹੀ 'ਮਨੁੱਖ' ਨੇ ਆਪਣੇ ਸਮਾਜ ਵਿੱਚ ਅਨੇਕਾਂ ਤਰਾਂ ਦੇ ਵੱਡੇ/ਛੋਟੇ ਤਾਲਾਬ, ਸਰੋਵਰ ਬਉਲੀਆਂ ਦਾ ਨਿਰਮਾਣ ਕਰਨਾ ਕੀਤਾ/ਬਨਾਉਣੇ ਕੀਤੇ।

. ਇਹ ਪਾਣੀ ਦੀਆਂ ਛੱਪੜੀਆਂ, ਟੋਭੇ, ਤਾਲਾਬ, ਸਰੋਵਰਾਂ, ਬਉਲੀਆਂ ਦੇ ਬਨਉਣ ਦੇ ਕੰਮ ਪਿੱਛੇ ਇਹ ਭਾਵਨਾ ਸੀ ਕਿ ਪਾਣੀ ਦੇ ਲੋੜਵੰਦਾਂ ਨੂੰ ਜਿਆਦਾ ਦੂਰ ਦੂਰ ਤੱਕ ਨਾ ਭੱਟਕਣਾ ਪਏ। ਬਿਨਾਂ ਭੇਦ-ਭਾਵ ਤੋਂ ਸਾਰਿਆਂ ਮਨੁੱਖਾਂ ਦੀਆਂ ਲੋੜਾਂ ਇੱਕ ਜਗਹ ਉੱਪਰ ਪੂਰੀਆਂ ਹੁੰਦੀਆਂ ਸਨ।



. ਸਿੱਖ ਸਮਾਜ ਵਿੱਚ ਗੁਰੂ ਸਾਹਿਬਾਨਾਂ ਵਲੋਂ ਲੋਕ-ਭਲਾਈ ਦੇ ਕੰਮਾਂ ਨੂੰ ਪਹਿਲ ਦਿੱਤੀ ਜਾਂਦੀ ਸੀ। ਉਹਨਾਂ ਜੋ-ਜੋ ਵੀ ਕੰਮ ਕੀਤੇ-ਕਰਵਾਏ, ਉਹਨਾਂ ਪਿੱਛੇ ਭਾਵਨਾ ਲੋਕ-ਭਲਾਈ ਦੀ ਹੀ ਸੀ। ਤਾਲਾਬ, ਸਰੋਵਰ, ਬਉਲੀਆਂ ਵੀ ਇਸੇ ਆਸ਼ੇ ਨੂੰ ਮੁੱਖ ਰੱਖ ਕੇ ਹੀ ਬਣਵਾਏ ਗਏ ਸਨ।

. ਗੁਰੂ ਸਾਹਿਬ ਜੀ ਨੇ ਇਹਨਾਂ ਪਾਣੀ ਦੀ ਜਰੂਰਤ ਵਾਲੀਆਂ ਜਗਹਾਂ ਦੀ ਸਾਫ਼ ਸਫ਼ਾਈ ਦੀਆਂ ਹਦਾਇਤਾਂ ਜਰੂਰ ਦਿੱਤੀਆਂ ਹੋਣਗੀਆਂ, ਪਰ ਇਹਨਾਂ ਜਗਹਾਂ ਨੂੰ ਬ੍ਰਾਹਮਣੀ/ਪਾਂਡੇ ਦੀ ਤਰਜ਼ ਤੇ ਕਦੇ ਵੀ 'ਪਵਿੱਤਰ-ਜਗਹ', 'ਪਵਿੱਤਰ ਪਾਣੀ' ਕਰਾਰ ਨਹੀਂ ਦਿੱਤਾ ਹੋਣਾ।

** ਛਾਤਿਰ ਦਿਮਾਗ਼ ਪੁਜਾਰੀ/ਬ੍ਰਾਹਮਣ/ਪਾਂਡੇ ਨੇ ਆਪਣੀ ਦੁਕਾਨਦਾਰੀਆਂ ਚਲਾਉਣ ਲਈ, ਚਮਕਾਉਣ ਲਈ ਦਰਿਆਵਾਂ, ਨਦੀਆਂ, ਨਾਲਿਆਂ, ਤਾਲਾਬਾਂ ਦੇ ਕੰਢਿਆਂ ਉੱਪਰ ਆਪਣੇ ਤੀਰਥ-ਸਥਲ ਬਨਾਉਣੇ ਕੀਤੇ। ਇਸ ਨਾਲ ਅਨਪੜ੍ਹ ਅਗਿਆਨੀ ਲੋਕਾਈ ਨੂੰ ਬੇਵਕੂਫ਼ ਬਣਾਇਆ ਜਾ ਸਕਦਾ ਸੀ। ਲੋਕਾਈ ਅੱਜ ਤੱਕ ਪੁਜਾਰੀ/ਪਾਂਡੇ/ਗਰੰਥੀ ਦੀਆਂ ਲੂੰਬੜ ਚਾਲਾਂ ਵਿੱਚ ਫੱਸੀ ਹੋਈ ਹੈ।

. ਪਹਿਲਾਂ ਲੋਕਾਈ ਨੂੰ ਪਾਪ-ਪੁੰਨ ਦੇ ਚੱਕਰ ਵਿੱਚ ਪਾ ਦੇਣਾ, ਫਿਰ ਪਾਪ ਧੋਣ ਲਈ, ਬਖ਼ਸਾਉਣ ਲਈ ਇਹਨਾਂ ਨਦੀਆਂ, ਨਾਲਿਆਂ, ਤਾਲਾਬਾਂ, ਸਰੋਵਰਾਂ, ਬਉਲੀਆਂ ਵਿੱਚ ਨਹਾਉਣ ਦੇ ਚੱਕਰਾਂ ਵਿੱਚ ਪਾ ਦੇਣਾ।

. ਕੀ! ! ਤੀਰਥ ਅਸਥਾਨਾਂ, ਸਰੋਵਰਾਂ, ਬਉਲੀਆਂ, ਦਰਿਆਵਾਂ ਦੇ ਪਾਣੀ ਵਿੱਚ ਨਹਾਉਣ ਨਾਲ ਪ੍ਰਾਣੀ/ਮਨੁੱਖ ਪਵਿੱਤਰ ਹੋ ਜਾਂਦਾ ਹੈ? ?

. ਕੀ ਉਸਦੇ ਕੀਤੇ 'ਪਾਪ' ਧੋਤੇ ਜਾਂਦੇ ਹਨ, ਉੱਤਰ ਜਾਂਦੇ ਹਨ ? ?

. ਕੀ ਉਹ ਪਵਿੱਤਰ ਹੋ ਕੇ ਦੁਬਾਰਾ ਅਜੇਹੇ 'ਪਾਪ' 'ਕੁਕਰਮ' ਨਹੀਂ ਕਰੇਗਾ ? ?

. ਇਸ ਗੱਲ ਦੀ ਤਾਂ ਕੋਈ ਪੁਜਾਰੀ/ਪਾਂਡਾ/ਗਰੰਥੀ ਗਰੰਟੀ ਨਹੀਂ ਲੈਂਦਾ ਅਤੇ ਨਾ ਹੀ ਲੈ ਸਕਦਾ ਹੈ।

. ਕੀ ਦਰਬਾਰ ਸਾਹਿਬ ਦੇ ਪਾਣੀ ਵਿੱਚ ਵੀ ਬ੍ਰਾਹਮਣ ਪੁਜਾਰੀ ਦੀ ਪਾਰੰਪਰਾਵਾਦੀ ਸੋਚ ਵਾਲੇ 'ਕਰਾਮਾਤੀ ਗੁਣ' ਹਨ ? ?

. ਕੀ ਦਰਬਾਰ ਸਾਹਿਬ ਦੇ ਸਰੋਵਰ ਦਾ ਪਾਣੀ ਵੀ 'ਪਵਿੱਤਰ' ਪਾਣੀ ਹੈ ? ?

. ਕੀ ਦਰਬਾਰ ਸਾਹਿਬ ਦੇ ਸਰੋਵਰ ਦਾ ਪਾਣੀ 'ਅੰਮ੍ਰਿਤ' ਹੈ ? ?

. ਕੀ ਦਰਬਾਰ ਸਾਹਿਬ ਦਾ ਪਾਣੀ 'ਜੂਠਾ' ਨਹੀਂ ਹੁੰਦਾ? ?

. ਕੀ ਦਰਬਾਰ ਸਾਹਿਬ ਦਾ ਪਾਣੀ 'ਦੂਸ਼ਿਤ' ਨਹੀਂ ਹੁੰਦਾ? ?

. ਗੁਰੂ ਅਮਰਦਾਸ ਜੀ ਤਾਂ ਕਹਿ ਰਹੇ ਹਨ ਕਿ (ਅੱਗ, ਹਵਾ, ਪਾਣੀ) ਵੀ ਅਸ਼ੁੱਧ ਹਨ। ਇਹ ਤਿੰਨੋ ਕੁੱਦਰਤੀ ਚੀਜ਼ਾਂ ਵੀ ਅਪਵਿੱਤਰ ਹਨ। ਇਹਨਾਂ ਵਿੱਚ ਵੀ ਸੂਤਕ ਹੈ।

.'ਸੂਤਕੁ ਅਗਨਿ ਪਉਣੈ ਪਾਣੀ ਮਾਹਿ'॥ ਮ3॥ 229॥

. ਭਗਤ ਬਾਬਾ ਰਵੀਦਾਸ ਜੀ ਤਾਂ ਕਹਿ ਰਹੇ ਹਨ, ਪਾਣੀ, ਦੁੱਧ, ਫੁੱਲ ਇਹ ਸਾਰੀਆਂ ਪੂਜਾ ਵਾਲੀਆਂ ਚੀਜ਼ਾਂ ਤਾਂ ਪਹਿਲਾਂ ਹੀ ਜੂਠੀਆਂ ਹਨ।

. ਦੂਧ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ ਰਵੀਦਾਸ ਜੀ॥ 525॥

. ਦਰਬਾਰ ਸਾਹਿਬ ਦੇ ਸਰੋਵਰ ਦੇ ਪਾਣੀ ਵਿੱਚ ਸੁਨਾਹਿਰੀ ਰੰਗ ਦੀਆਂ ਮੱਛੀਆਂ ਛੱਡੀਆਂ ਗਈਆਂ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਮੱਛੀਆਂ ਅਤੇ ਹੋਰ ਪਾਣੀ ਦੇ ਜੀਵ-ਜੰਤੂ ਹੋਣਗੇ। ਇਹਨਾਂ ਮੱਛੀਆਂ ਅਤੇ ਬਾਕੀ ਜਲ ਜੀਵਾਂ ਦਾ ਮਲ-ਮੂਤਰ ਤਾਂ ਸਰੋਵਰ ਦੇ ਪਾਣੀ ਵਿੱਚ ਹੀ ਘੁੱਲਦਾ ਹੋਵੇਗਾ? ਉਹ ਬਾਹਰ ਤਾਂ ਨਹੀਂ ਜਾ ਸਕਦੀਆਂ? ਇਹਨਾਂ ਦਾ ਜੀਵਨ ਹੀ ਪਾਣੀ ਹੈ।

. ਸਰੋਵਰ ਦਾ ਪਾਣੀ ਵੀ ਖੜਾ ਪਾਣੀ ਹੈ। (ਗਾਹੇ ਬਗਾਹੇ ਬਦਲ਼ੀ ਵੀ ਕੀਤਾ ਜਾਂਦਾ ਹੋਵੇਗਾ।)

 

. ਦਰਬਾਰ ਸਾਹਿਬ ਦੇ ਸਰੋਵਰ ਦੀਆਂ ਉੱਤਰੀ ਅਤੇ ਦੱਖਣੀ ਬਾਹੀਆਂ 289 ਅਤੇ 283 ਮੀਟਰ ਲੰਬੀਆਂ ਹਨ। ਪੂਰਬੀ ਅਤੇ ਪੱਛਮੀ ਬਾਹੀਆਂ 230 ਅਤੇ 233 ਮੀਟਰ ਲੰਬੀਆਂ ਹਨ। ਇਨੇ ਲੰਬੇ ਚੌੜੇ ਸਰੋਵਰ ਉੱਪਰ ਕੋਈ ਛੱਤ ਨਹੀਂ ਹੈ। ਅੰਮ੍ਰਿਤਸਰ ਸ਼ਹਿਰ ਵਿੱਚ ਮੋਟਰ ਗੱਡੀਆਂ ਦੀ ਆਵਾਜਾਈ ਕਰਕੇ ਵਾਯੂਮੰਡਲ ਵਿੱਚ ਉੱਡਿਆ ਮਿੱਟੀ-ਘੱਟਾ 24 ਘੰਟੇ ਸਰੋਵਰ ਵਿੱਚ ਡਿੱਗਦਾ ਰਹਿੰਦਾ ਹੈ। ਪਾਣੀ ਪ੍ਰਦੂਸ਼ਤ ਹੁੰਦਾ ਰਹਿੰਦਾ ਹੋਵੇਗਾ। ਕੀ ਸਰੋਵਰ ਵਿੱਚ ਮੱਛੀਆਂ ਮਰਦੀਆਂ ਨਹੀਂ ਹੋਣਗੀਆਂ ? ?

. ਕੀ ਇਹ ਪਾਣੀ ਪੀਣਯੋਗ ਹੈ? ਕੀ ਇਹ ਪਾਣੀ ਪਵਿੱਤਰ ਹੈ? ਕੀ ਇਹ ਪਾਣੀ ਅੰਮ੍ਰਿਤ ਹੈ? ?

. ਦਰਬਾਰ ਸਾਹਿਬ ਕੰਮਪਲੈਕਸ ਵਿੱਚ ਹਜ਼ਾਰਾਂ ਹੀ ਪੰਛੀ ਕਬੂਤਰ ਰਹਿੰਦੇ ਹਨ। ਸਾਰਾ ਦਿਨ, ਇਹ ਸਾਰੇ ਪੰਛੀ ਸਰੋਵਰ ਦੇ ਉੱਪਰ ਉਡਾਰੀਆਂ ਭਰਦੇ ਰਹਿੰਦੇ ਹਨ। ਸਰੋਵਰ ਵਿਚ, ਸਰੋਵਰ ਦੇ ਆਸੇ ਪਾਸੇ ਅਠਖੇਲੀਆਂ ਵੀ ਕਰਦੇ ਹਨ। ਇਹਨਾਂ ਦਾ ਵੀ ਮਲ-ਬਿੱਠਾਂ ਸਾਰਾ ਕੁੱਝ ਸਰੋਵਰ ਦੇ ਪਾਣੀ ਵਿੱਚ ਹੀ ਘੁੱਲਦਾ ਹੈ।

. ਕੀ ਇਹ ਪਾਣੀ ਪੀਣਯੋਗ ਹੈ? ਕੀ ਇਹ ਪਾਣੀ ਪਵਿੱਤਰ ਹੈ? ਕੀ ਇਹ ਪਾਣੀ ਅੰਮ੍ਰਿਤ ਹੈ? ?

 



. ਤੀਰਥ ਯਾਤਰਾ ਤੇ ਆਏ ਸ਼ਰਧਾਲੂਆਂ ਦਾ ਸਰੋਵਰ ਵਿੱਚ ਨਹਾਉਣਾ, ਜਰੂਰੀ ਕਰਮਕਾਂਡ ਹੁੰਦਾ ਹੈ। ਨਾ ਨਹਾਉਣ ਵਾਲਾ ਤਾਂ ਸਮਝਦਾ ਹੈ, ਕਿ ਮੇਰੇ ਪਾਪ ਧੋਤੇ ਨਹੀਂ ਗਏ। ਪਾਪ ਧਵਾਉਣ ਲਈ ਸਰੋਵਰ ਵਿੱਚ ਇੱਕ ਦੋ ਟੁੱਭੀਆਂ ਲਾ ਲਈਆਂ ਜਾਣ ਤਾਂ ਆਪਣਾ ਸੁਭਾਗ ਸਮਝਦਾ ਹੈ। (ਪਿੱਛੋਂ ਭਾਵੇ ਡਾਕਟਰ ਕੋਲ ਜਾਣਾ ਪੈ ਜਾਏ, ਪਰ ਸਰੋਵਰ ਵਿੱਚ ਪਾਪ ਜਰੂਰ ਧੋਣੇ ਹਨ। ਇਸ਼ਨਾਨ ਜਰੂਰ ਕਰਨਾ ਹੈ)। ਸਰਧਾ-ਉਲੂਆਂ ਵਲੋਂ ਫਿਰ ਸਰੀਰ ਨੂੰ ਖੂਬ ਮਲ-ਮਲ ਕੇ, ਸਰੋਵਰ ਦੇ ਪਾਣੀ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ। ਉਹਨਾਂ ਸ਼ਰਧਾਲੂਆਂ ਦੇ ਸਰੀਰਾਂ ਨਾਲੋਂ ਮੈਲ ਲਹਿ ਕੇ ਸਰੋਵਰ ਦੇ ਪਾਣੀ ਵਿੱਚ ਹੀ ਘੁੱਲਦੀ ਹੈ। ਕਿਹੜਾ ਪ੍ਰਾਣੀ, ਕਿਹੜੀ ਛੂਤ-ਛਾਤ ਦੀ ਬੀਮਾਰੀ ਨਾਲ ਗ੍ਰਸਤ ਹੈ, ਕਿਸੇ ਨੂੰ ਕੋਈ ਇੱਲਮ ਨਹੀਂ ਹੈ। ਸਾਰੇ ਹੀ ਆਪਣੇ ਪਾਪ ਧੋ ਰਹੇ ਹਨ। ਪਾਣੀ ਪ੍ਰਦੂਸ਼ਤ ਹੁੰਦਾ ਹੋਵੇਗਾ? ?

ਕੀ ਇਹ ਪਾਣੀ ਪੀਣਯੋਗ ਹੈ? ਕੀ ਇਹ ਪਾਣੀ ਪਵਿੱਤਰ ਹੈ? ਕੀ ਇਹ ਪਾਣੀ ਅੰਮ੍ਰਿਤ ਹੈ? ?

. ਦੁੱਖਭੰਜਨੀ ਬੇਰੀ ਥੱਲੇ, ਅਤੇ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਕੋਲੇ ਵੀ ਬੀਬੀਆਂ ਦੇ ਇਸ਼ਨਾਨ ਲਈ ਅਲੱਗ-ਅਲੱਗ ਜਗਹ/ਪੌਣੇ ਬਣੇ ਹੋਏ ਹਨ। ਇਸ ਗੱਲ ਦੀ ਕੋਈ ਗਰੰਟੀ ਨਹੀਂ, ਕਿ ਸਰੋਵਰ ਵਿੱਚ ਨਹਾਉਣ ਵਾਲੀਆਂ ਬੀਬੀਆਂ ਦੀ ਗਿਣਤੀ ਵਿੱਚ ਮਾਹਵਾਰੀ ਵਾਲੀਆਂ ਬੀਬੀਆਂ ਵੀ ਹੋਣਗੀਆਂ। ਕੀ ਇਹ ਬੀਬੀਆਂ

ਸਰੋਵਰ ਵਿੱਚ ਨਹੀਂ ਨਹਾਉਂਦੀਆਂ ਹੋਣਗੀਆਂ? ? ਮਹਾਂਵਾਰੀ ਦੇ ਖ਼ੂਨ ਦੇ ਅੰਸ਼ਾਂ ਦਾ ਸਰੋਵਰ ਦੇ ਪਾਣੀ ਵਿੱਚ ਘੁੱਲ ਜਾਣਾ ਸੁਭਾਵਿੱਕ ਹੈ। (ਮੱਛੀਆਂ ਨੂੰ ਇਸ ਤਰਾਂ ਖ਼ੂਨ ਦੇ ਅੰਸ਼ਾਂ ਨੂੰ ਖਾਣਾ ਚੰਗਾ ਲੱਗਦਾ ਹੈ। ਇਸੇ ਲਈ ਇਹਨਾਂ ਪੋਣਿਆਂ ਦੇ ਆਸੇ ਪਾਸੇ ਮੱਛੀਆਂ ਜਿਆਦਾ ਗਿਣਤੀ ਵਿੱਚ ਇਕੱਠੀਆਂ ਹੁੰਦੀਆਂ ਹਨ, ਘੁੰਮਦੀਆਂ ਰਹਿੰਦੀਆਂ ਹਨ। ਮੱਛੀਆਂ ਨੂੰ ਉਹਨਾਂ ਦਾ ਮਨ ਭਾਉਂਦੀ ਖ਼ੁਰਾਕ ਮਿਲ ਰਹੀ ਹੈ।)

. ਛੋਟੇ ਛੋਟੇ ਬੱਚਿਆਂ ਨੂੰ ਜ਼ਬਰਦੱਸਤੀ ਫੜ ਕੇ ਸਰੋਵਰ ਵਿੱਚ ਚੁੱਬੀ/ਟੁੱਬੀ ਲਵਾਈ ਜਾਂਦੀ ਹੈ। ਕੀ ਬੱਚਿਆਂ ਦਾ ਪਿਸ਼ਾਬ ਵਿੱਚ ਨਹੀਂ ਨਿਕਲਦਾ ਹੋਵੇਗਾ. . . ? ? (ਪਿਸ਼ਾਬ ਪਾਣੀ ਵਿੱਚ ਹੀ ਰੱਲ ਜਾਂਦਾ ਹੈ)

. ਕੀ ਇਹ ਸਰੋਵਰ ਦਾ ਪਾਣੀ 'ਪੀਣ-ਯੋਗ' ਰਹਿ ਗਿਆ ਹੈ?

. ਕੀ ਇਹ ਸਰੋਵਰ ਦਾ ਪਾਣੀ ਇਸ ਤਰਾਂ 'ਪਵਿੱਤਰ' ਹੋ ਗਿਆ ਹੈ?

. ਕੀ ਇਹ ਸਰੋਵਰ ਦਾ ਪਾਣੀ 'ਅੰਮ੍ਰਿਤ' ਬਣ ਗਿਆ ਹੈ? ?

. ਇਹ ਕੌੜੀਆਂ ਸੱਚਾਈਆਂ ਹਨ। ਇਹਨਾਂ ਸੱਚਾਈਆਂ ਤੋਂ ਮੁੱਨਕਰ ਨਹੀਂ ਹੋਇਆ ਜਾ ਸਕਦਾ। ਇਹ ਵਰਤਾਰਾ ਹਰ 'ਸਰੋਵਰ' ਵਿੱਚ ਵਰਤਦਾ ਹੈ। ਦਰਬਾਰ ਸਾਹਿਬ ਸਰੋਵਰ ਵਿੱਚ ਵੀ ਵਰਤ ਰਿਹਾ ਹੈ। ਸਰੋਵਰਾਂ ਦਾ ਪਾਣੀ ਦੂਸ਼ਿਤ ਹੁੰਦਾ ਹੈ। ਹਾਈਜੀਨੀਕਲੀ ਵੀ ਇਹ ਦੂਸ਼ਿਤ ਪਾਣੀ ਨਹੀਂ ਪੀਣਾ ਚਾਹੀਦਾ। ਸਰੋਵਰ ਦਾ ਪਾਣੀ, ਪੀਣ ਵਾਲੇ ਵੀਰ-ਭੈਣ-ਬੱਚੇ-ਬਜ਼ੁੱਰਗ ਨੂੰ ਸਰੀਰੱਕ ਪਰੇਸ਼ਾਨੀਆਂ ਆ ਸਕਦੀਆਂ ਹਨ।




. ਵਿਚਾਰ ਕਰਨ ਦਾ ਮਕਸਦ ਹੈ, ਕਿ ਬਾਬੇ ਨਾਨਕ ਦੇ ਫਲਸ਼ਫੇ ਨੂੰ, ਗੁਰਮੱਤ ਦੇ ਸਿਧਾਂਤਾਂ/ ਅਸੂਲ਼ਾਂ ਨੂੰ ਸਮਝਦੇ-ਬੁੱਝਦੇ, ਗੁਰਬਾਣੀ ਦੀ ਸਿੱਖਿਆ, ਗਿਆਨ, ਸੰਦੇਸ਼, ਸੁਨੇਹੇ ਨੂੰ ਆਪਣੀ ਪਕੜ ਵਿੱਚ ਲਿਆਉਣਾ ਕਰੀਏ, ਸਮਝਣਾ ਕਰੀਏ, ਪਰੈਕਟੀਕਲ ਜੀਵਨ ਬਨਾਉਣਾ ਕਰੀਏ।

. . ਬਲਕਿ, ਸਿੱਖ ਸਮਾਜ ਵਿੱਚ (ਬਾਬੇ ਨਾਨਕ ਦੇ ਫਲਸ਼ਫੇ, ਗੁਰਮੱਤ ਦੇ ਸਿਧਾਂਤਾਂ/ਅਸੂਲ਼ਾਂ ਨੂੰ ਸਮਝਦੇ-ਬੁੱਝਦੇ, ਗੁਰਬਾਣੀ ਦੀ ਸਿੱਖਿਆ, ਗਿਆਨ, ਸੰਦੇਸ਼, ਸੁਨੇਹੇ ਦੇ ਬਿੱਲਕੁੱਲ ਉੱਲਟ ਕਰਮਕਾਂਡ ਕੀਤੇ ਜਾ ਰਹੇ ਹਨ, ਕਰਵਾਏ ਜਾ ਰਹੇ ਹਨ, ਲੋਕ ਅਗਿਆਨਤਾ-ਅਨਪੜ੍ਹਤਾ ਕਰਕੇ ਟਕਸਾਲੀਆਂ, ਨਿਰਮਲੇ ਸਾਧੜਿਆਂ, ਵਿਹਲੜ ਅਸੰਤਾਂ ਦੇ ਚੁੱਗਲ ਵਿੱਚ ਫੱਸੇ ਹੋਏ ਹਨ।

. ਦਰਬਾਰ ਸਾਹਿਬ ਵਿਚੋਂ 'ਗਿਆਨ' ਦਾ ਪ੍ਰਸਾਰਨ ਤਾਂ ਇਹ ਹੋਣਾ ਚਾਹੀਦਾ ਸੀ, ਪ੍ਰੇਰਨਾ ਇਹ ਹੋਣੀ ਚਾਹੀਦੀ ਸੀ, ਕਿ "ਗੁਰਬਾਣੀ ਫਲਸ਼ਫੇ, ਸਿਧਾਂਤਾਂ" ਨੂੰ ਸਮਝਣਾ ਕਰੋ, ਸਮਝ ਕੇ ਆਪਣੇ ਮਨੁੱਖਾ ਜੀਵਨ ਵਿੱਚ ਲਾਗੂ ਕਰੋ। ਪਰ ਲੋਕਾਂ ਨੂੰ ਬ੍ਰਾਹਮਣੀ ਤਰਜ਼ ਤੇ ਪੂਜਾ ਕਰਨ/ ਕਰਾਉਣ ਵਾਲੇ ਪਾਸੇ ਪ੍ਰੇਰਿਆ ਜਾ ਰਿਹਾ ਹੈ।

. ਸਰੋਵਰ ਦੇ ਪਾਣੀ ਨੂੰ ਪਾਣੀ ਨ 'ਪਵਿੱਤਰ' ਦੱਸਿਆ ਜਾ ਰਿਹਾ ਹੈ। ਦਲੀਲ਼ ਦਿੱਤੀ ਜਾਂਦੀ ਹੈ, ਕਿ ਜੀ! ਇੱਥੇ 24 ਘੰਟੇ ਬਾਣੀ ਦਾ ਪ੍ਰਵਾਹ ਚੱਲਦਾ ਕਰਕੇ, ਤਰੰਗਾਂ ਪਾਣੀ ਨਾਲ ਛੋਹਦੀਆਂ ਰਹਿੰਦੀਆਂ ਹਨ, ਇਸ ਲਈ ਇਹ ਸਰੋਵਰ ਦਾ ਪਾਣੀ 'ਅੰਮ੍ਰਿਤ' ਬਣ ਜਾਂਦਾ ਹੈ। ਕਿੱਡੀ ਹਾਸੋ-ਹੀਣੀ ਦਲੀਲ ਹੈ।

. ਬਾਬੇ ਨਾਨਕ ਨੇ ਆਪਣੀ ਉਚਾਰੀ ਬਾਣੀ 'ਜਪੁ' ਬਾਣੀ ਦੀ ਪਹਿਲੀ ਪਉੜੀ ਦੀ, ਪਹਿਲੀ ਪੰਕਤੀ ਵਿੱਚ ਹੀ ਬ੍ਰਾਹਮਣ ਦੀ ਬਣਾਈ ਮਾਨਤਾ, (ਕਿ 'ਪਾਣੀ' ਨਾਲ ਸਰੀਰ ਧੋ ਕੇ, ਸੁੱਚਾ ਹੋਇਆ ਜਾ ਸਕਦਾ ਹੈ), ... ਆਪਣੇ ਤਰਕ ਅਤੇ ਦਲੀਲ਼ ਨਾਲ ਬ੍ਰਾਹਮਣੀ ਮਾਨਤਾ ਦੀਆਂ ਧੱਜੀਆਂ ਉੱਡਾ ਦਿੱਤੀਆਂ।

."ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਮ1॥ 1॥ (ਲੱਖਾਂ ਵਾਰੀ ਵੀ ਦੇਹ/ਸਰੀਰ ਨੂੰ ਧੋ ਕੇ, ਸੋਚ ਕਰਕੇ, 'ਸੁੱਚਾ' ਨਹੀਂ ਹੋਇਆ ਜਾ ਸਕਦਾ। ਪਾਣੀ, ਸਰੀਰ/ਦੇਹ ਦੀ ਬਾਹਰੋਂ ਸਫਾਈ ਕਰਦਾ ਹੈ।)

. ਅੱਗਲੀਆਂ ਤਿੰਨ ਪੰਕਤੀਆਂ ਵੀ ਬ੍ਰਾਹਮਣ/ਪੁਜਾਰੀ/ਪਾਂਡੇ/ਗਰੰਥੀ ਦੀਆਂ ਬਣਾਈਆਂ ਪਾਰੰਪਰਾਵਾਦੀ ਮਾਨਤਾਵਾਂ ਦੀਆਂ ਬੱਖੀਆਂ ਉਦੇੜ ਦੀਆਂ ਹਨ।

."ਚੁਪੈ ਚੁਪ ਨ ਹੋਵਈ ਜੇ ਲਾਇ ਰਹਾਂ ਲਿਵ ਤਾਰ॥

. ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

. ਸਹਸ ਸਿਆਣਪਾ ਲਖ ਹੋਹਿ ਤ ਇੱਕ ਨ ਚਲੈ ਨਾਲਿ॥" ਮ1॥ 1॥

*** 35 ਮਹਾਂਪੁਰਸ਼ਾਂ ਦੇ 'ਗਿਆਨ ਦਾ ਵਿਗਿਆਨ/ਤੱਤਸਾਰ' ਮਨੁੱਖ ਨੂੰ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ ਦੀ ਦਲਦਲ ਵਿਚੋਂ ਕੱਢਦਾ ਹੈ। ਕੋਈ ਵੀ ਮਨੁੱਖ ਜਿਨ੍ਹਾਂ ਚਿਰ ਤੱਕ ਅਗਿਆਨਤਾ ਦੇ ਅੰਦੇਰੇ ਵਿੱਚ ਰਹਿੰਦਾ ਹੈ, ਉਸਨੂੰ ਕੁੱਝ ਵੀ ਸਾਫ਼ ਵਿਖਾਈ ਨਹੀਂ ਦਿੰਦਾ।

.'ਗਿਆਨ' ਰੂਪੀ ਦੀਵਾ ਜਗਾ ਕੇ ਹੀ ਅੰਧੇਰਾ ਦੂਰ ਕੀਤਾ ਜਾ ਸਕਦਾ ਹੈ। ਚਾਨਣ ਦਾ ਗੈਰਹਾਜ਼ਰੀ ਹੀ ਅੰਧੇਰਾ ਹੈ।

. ."ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਮ5॥ 293॥

(. . . . . . . . . ਚਲਦਾ)

ਇੰਜ ਦਰਸ਼ਨ ਸਿੰਘ ਅਸਟਰੇਲੀਆ

24 ਅਗਸਤ 2019